ਪੰਜਾਬ ਸਰਕਾਰ ਦੀ ਨੋਟੀਫ਼ਿਕੇਸ਼ਨ ਪੱਤਰ ਮਿਤੀ 02.03.2017

---

ਪੰਜਾਬ ਸਰਕਾਰ

ਪ੍ਰਸ਼ਾਸਨਿਕ ਸੁਧਾਰ ਵਿਭਾਗ

(ਪ੍ਰਸ਼ਾਸਨਿਕ ਸੁਧਾਰ-1 ਸ਼ਾਖਾ)

**ਅਧਿਸੂਚਨਾ**

ਮਿਤੀ, ਚੰਡੀਗੜ੍ਹ: 02.03.2017

ਨੰਬਰਯ11/4/2017-2ਪ੍ਰ.ਸੁ.1/932220/1 ਇਹ ਅਧਿਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਕਮਿਸ਼ਨਾਂ ਅਤੇ ਹੋਰ ਅਦਾਰਿਆਂ ਵਿਚ ਦਫ਼ਤਰੀ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਅਧਿਕਾਰੀਆਂ/ਕਰਮਚਾਰੀਆਂ ਵੱਲੋਂ **ਯੂਨੀਕੋਡ ਕੰਪਲੈਂਟ ਫੌਂਟ ਰਾਵੀ** ਦੀ ਵਰਤੋਂ ਕਰਨਾ ਯਕੀਨੀ ਬਣਾਇਆ ਜਾਵੇ।

ਮਿਤੀ, ਚੰਡੀਗੜ੍ਹ:
27.02.2017

ਆਰ.ਕੇ.ਵਰਮਾ, ਆਈ.ਏ.ਐਸ,
ਸਕੱਤਰ, ਪੰਜਾਬ ਸਰਕਾਰ,
ਪ੍ਰਸ਼ਾਸਨਿਕ ਸੁਧਾਰ ਵਿਭਾਗ।

ਪਿਠ ਅੰਕਣ ਨੰ:11/4/2017-2ਪ੍ਰ.ਸੁ.1/932220/2 ਮਿਤੀ, ਚੰਡੀਗੜ੍ਹ: 02.03.2017

ਉਪਰੋਕਤ ਦਾ ਇੱਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ, ਪ੍ਰਬੰਧਕੀ ਸਕੱਤਰਾਂ, ਵਿਭਾਗਾਂ ਦੇ ਮੁੱਖੀਆਂ ਅਤੇ ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਭੇਜ ਕੇ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਕਮਿਸ਼ਨਾਂ ਵਿਚ ਉਪਰੋਕਤ ਦਰਸਾਏ ਫੌਂਟ ਅਨੁਸਾਰ ਦਫ਼ਤਰੀ ਕੰਮ ਕਰਨ ਸਬੰਧੀ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਖੇਚਲ ਕਰਨ।

(ਹਰਜੀਤ ਸਿੰਘ ਕੰਦੋ੍ਹਲਾ)
ਵਿਸ਼ੇਸ਼ ਸਕੱਤਰ

ਪਿਠ ਅੰਕਣ ਨੰ:11/4/2017-2ਪ੍ਰ.ਸੁ.1/932220/3 ਮਿਤੀ, ਚੰਡੀਗੜ੍ਹ: 02.03.2017

ਉਪਰੋਕਤ ਦਾ ਇੱਕ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫ਼ਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਸਧਾਰਨ ਗਜ਼ਟ ਵਿਚ ਛਪਵਾਇਆ ਜਾਵੇ ਅਤੇ ਉਸ ਦੀਆਂ 100 ਕਾਪੀਆਂ ਇਸ ਵਿਭਾਗ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ।

(ਹਰਜੀਤ ਸਿੰਘ ਕੰਦੋ੍ਹਲਾ)
ਵਿਸ਼ੇਸ਼ ਸਕੱਤਰ

ਪਿਠ ਅੰਕਣ ਨੰ:11/4/2017-2ਪ੍ਰ.ਸੁ.1/932220/3 ਮਿਤੀ, ਚੰਡੀਗੜ੍ਹ: 02.03.2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਵਧੀਕ ਪ੍ਰਮੁੱਖ ਸਕੱਤਰ ਟੂ ਮੁੱਖ ਮੰਤਰੀ ਜੀ, ਪੰਜਾਬ ਨੂੰ ਮਾਨਯੋਗ ਮੁੱਖ ਮੰਤਰੀ ਜੀ ਦੀ ਜਾਣਕਾਰੀ ਲਈ।
2. ਪ੍ਰਮੁੱਖ ਸਕੱਤਰ ਟੂ ਉਪ ਮੁੱਖ ਮੰਤਰੀ ਜੀ, ਪੰਜਾਬ ਨੂੰ ਮਾਨਯੋਗ ਮੁੱਖ ਉਪ ਮੰਤਰੀ ਜੀ ਦੀ ਜਾਣਕਾਰੀ ਲਈ।
3. ਡਾਇਰੈਕਟਰ ਪ੍ਰਸ਼ਾਸਨਿਕ ਸੁਧਾਰ ਵਿਭਾਗ, ਪੰਜਾਬ, ਚੰਡੀਗੜ੍ਹ।
4. ਨਿੱਜੀ ਸਕੱਤਰ ਟੂ ਮੁੱਖ ਸਕੱਤਰ, ਪੰਜਾਬ ਨੂੰ ਮਾਨਯੋਗ ਮੁੱਖ ਸਕੱਤਰ ਜੀ ਦੀ ਜਾਣਕਾਰੀ ਲਈ।

(ਹਰਜੀਤ ਸਿੰਘ ਕੰਦੋ੍ਹਲਾ)
ਵਿਸ਼ੇਸ਼ ਸਕੱਤਰ